# ਪੜਨਾਂਵ

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- ਤੁਸੀਂ, ਉਹ, ਕਈ, ਅਹੁ, ਕੌਣ।

**ਪੜਨਾਂਵ ਦੀਆਂ 6 ਕਿਸਮਾਂ ਹਨ :**

1. ਪੁਰਖ-ਵਾਚਕ ਪੜਨਾਂਵ
2. ਨਿੱਜ-ਵਾਚਕ ਪੜਨਾਂਵ
3. ਨਿਸ਼ਚੇ-ਵਾਚਕ ਪੜਨਾਂਵ
4. ਅਨਿਸ਼ਚੇ-ਵਾਚਕ ਪੜਨਾਂਵ
5. ਸੰਬੰਧ-ਵਾਚਕ ਪੜਨਾਂਵ
6. ਪ੍ਰਸ਼ਨ-ਵਾਚਕ ਪੜਨਾਂਵ

**1. ਪੁਰਖ-ਵਾਚਕ ਪੜਨਾਂਵ :** ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- **ਮੈਂ**, **ਤੁਸੀਂ**, **ਉਹ** ਆਦਿ।

**ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ :**

- ਉੱਤਮ ਪੁਰਖ ਜਾਂ ਪਹਿਲਾ ਪੁਰਖ
- ਮੱਧਮ ਪੁਰਖ ਜਾਂ ਦੂਜਾ ਪੁਰਖ
- ਅਨਯ ਪੁਰਖ ਜਾਂ ਤੀਜਾ ਪੁਰਖ
  - **ਉੱਤਮ ਪੁਰਖ :** ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ:- **ਮੈਂ**, **ਮੈਨੂੰ**, **ਅਸੀਂ**, **ਸਾਡਾ** ਆਦਿ।
  - **ਮੱਧਮ ਪੁਰਖ :** ਜਿਸ ਪੁਰਖ ਨਾਲ਼ ਗੱਲ ਕੀਤੀ ਜਾਵੇ, ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ:- **ਤੂੰ**, **ਤੁਸੀਂ**, **ਤੇਰਾ**, **ਤੁਹਾਡਾ** ਆਦਿ।
  - **ਅਨਯ ਪੁਰਖ :** ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ, ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ, ਜਿਵੇ:- **ਉਹ**, **ਉਹਨਾਂ** ਆਦਿ।

**2. ਨਿੱਜ-ਵਾਚਕ ਪੜਨਾਂਵ** ਜਿਹੜਾ ਸ਼ਬਦ ਕਰਤਾ ਦੇ ਨਾਲ਼ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

- ਮੈਂ **ਆਪ** ਉਸ ਨੂੰ ਸਮਝਾਇਆ।
- ਮੁੰਡੇ **ਆਪਸ** ਵਿੱਚ ਲੜਦੇ ਹਨ।

**3. ਨਿਸ਼ਚੇ-ਵਾਚਕ ਪੜਨਾਂਵ** ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ ਉਸ ਦੇ ਨਾਂ ਦੀ ਥਾਂ 'ਤੇ ਵਰਤੇ ਜਾਣ, ਉਹਨਾਂ ਨੂੰ ਨਿਸ਼ਚੇਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ:-

- **ਅਹੁ** ਕੁਝ ਬਣ ਰਿਹਾ ਹੈ।
- **ਇਹ** ਬੜਾ ਹਾਜ਼ਰ-ਜਵਾਬ ਹੈ।

**4. ਅਨਿਸ਼ਚੇ-ਵਾਚਕ ਪੜਨਾਂਵ** ਜਿਹੜੇ ਪੜਨਾਂਵ-ਸ਼ਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸ਼ਚੇ-ਪੂਰਵਕ ਗਿਆਨ ਨਾ ਹੋਵੇ , ਉਹਨਾਂ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

- **ਕੋਈ** ਗੀਤ ਗਾ ਰਿਹਾ ਹੈ।
- **ਕਈ** ਆਉਂਦੇ ਹਨ।

**5. ਸੰਬੰਧ-ਵਾਚਕ ਪੜਨਾਂਵ** ਜਿਹੜਾ ਸ਼ਬਦ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

- ਲੋਕ **ਜੋ** ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ।
- ਉਹ ਸ਼ਰਾਬੀ **ਜਿਸ ਨੇ** ਗੋਲੀਆਂ ਚਲਾਈਆਂ ਸਨ, ਫੜਿਆ ਗਿਆ।

**6. ਪ੍ਰਸ਼ਨ-ਵਾਚਕ ਪੜਨਾਂਵ** ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ ਪਰ ਨਾਲ਼ ਹੀ ਉਸ ਵੱਲੋਂ ਕੋਈ ਪੁੱਛ-ਗਿੱਛ ਕੀਤੀ ਜਾਵੇ, ਉਸ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਿਹਾ ਜਾਦਾ ਹੈ, ਜਿਵੇਂ:-

- **ਕੌਣ** ਰੋ ਰਿਹਾ ਹੈ?
- ਗਲਾਸ **ਕਿਸ ਨੇ** ਤੋੜਿਆ ਹੈ?